# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 14-12-2024**

ਭਾਰਤ ਦੀ ਰਾਸ਼ਟਰੀ ਸ਼ਾਹਰਾਹ ਅਥਾਰਟੀ ਨੇ ਸੜਕ ਸੁਰੱਖਿਆ ਨੂੰ ਵਧਾਉਣ ਅਤੇ ਹਾਈਵੇ ਗਸ਼ਤ ਨੂੰ ਮਜ਼ਬੂਤ ਕਰਨ ਲਈ ਰਾਜਮਾਰਗ 'ਤੇ 'ਰਾਜਮਾਰਗ ਸਾਥੀ' ਨਾਮ ਦੇ ਨਵੇਂ ਰੂਟ ਪੈਟਰੋਲਿੰਗ ਵਾਹਨਾਂ ਨੂੰ ਤਾਇਨਾਤ ਕਰਨ ਦੀ ਯੋਜਨਾ ਬਣਾਈ ਏ । ਇਹ ਵਾਹਨ ਉੱਨਤ ਸੰਚਾਰ ਅਤੇ ਸੁਰੱਖਿਆ ਸਾਧਨਾਂ ਨਾਲ ਲੈਸ ਹਨ ਅਤੇ ਆਵਾਜਾਈ ਵਿੱਚ ਰੁਕਾਵਟਾਂ ਨੂੰ ਘੱਟ ਕਰਨ ਅਤੇ ਸੜਕ ਸੁਰੱਖਿਆ ਨੂੰ ਬਿਹਤਰ ਬਣਾਉਣ ਵਿੱਚ ਉਪਯੋਗੀ ਹੋਣਗੇ। ਆਨ-ਬੋਰਡ 'AI ਵੀਡੀਓ ਵਿਸ਼ਲੇਸ਼ਣ' ਨਾਲ ਲੈਸ ਕੈਮਰਾ ਦਰਾੜਾਂ ਅਤੇ ਟੋਇਆਂ ਦੇ ਨਾਲ-ਨਾਲ ਵਾਹਨਾਂ, ਪੈਦਲ ਯਾਤਰੀਆਂ, ਸੜਕ ਦੇ ਚਿੰਨ੍ਹ ਅਤੇ ਹੋਰ ਬੁਨਿਆਦੀ ਢਾਂਚੇ ਦੀਆਂ ਜਾਇਦਾਦਾਂ ਸਮੇਤ ਹੋਰ ਤੱਤਾਂ ਨੂੰ ਕੈਪਚਰ ਕਰੇਗਾ ਅਤੇ ਪਛਾਣ ਕਰੇਗਾ। ਫਿਰ ਇਕੱਠਾ ਕੀਤਾ ਡਾਟਾ/ਵੀਡੀਓ ਫੁਟੇਜ ਜਿਸ ਵਿੱਚ ਸੜਕਾਂ ਦੀਆਂ

ਤਕਲੀਫਾਂ ਸ਼ਾਮਲ ਹਨ, ਨੂੰ ਸੜਕਾਂ ਦੇ ਵਧੇਰੇ ਕੁਸ਼ਲ ਰੱਖ-ਰਖਾਅ ਲਈ NHAI One ਐਪਲੀਕੇਸ਼ਨ ਨਾਲ ਜੋੜਿਆ ਜਾਵੇਗਾ।

-------------------------------------------------------

ਪੰਜਾਬ ਵਿਚ 21 ਦਸੰਬਰ ਨੂੰ ਹੋਣ ਵਾਲੀਆਂ ਨਗਰ ਕੌਂਸਲ ਤੇ ਨਗਰ ਪੰਚਾਇਤ ਸਮੇਤ ਨਗਰ ਨਿਗਮ ਦੀਆਂ ਚੋਣਾਂ ਲਈ ਚਾਹਵਾਨ ਉਮੀਦਵਾਰਾਂ ਵਲੋਂ ਨਾਮਜ਼ਦਗੀਆਂ ਦਾਖਲ ਕੀਤੀਆਂ ਜਾ ਚੁੱਕੀਆਂ ਨੇ । ਚੋਣ ਕਮਿਸ਼ਨ ਵੱਲੋਂ ਦਸਤਾਵੇਜ਼ਾਂ ਦੀ ਪੜਤਾਲ ਮਗਰੋਂ ਨਗਰ ਨਿਗਮ ਦੀਆਂ 86 ਨਾਮਜ਼ਦਗੀਆਂ ਰੱਦ ਕਰ ਦਿੱਤੀਆਂ ਗਈਆਂ ਨੇ । ਪੰਜਾਬ ਰਾਜ ਚੋਣ ਕਮਿਸ਼ਨ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ 13 ਦਸੰਬਰ ਨੂੰ ਪੰਜ ਨਗਰ ਨਿਗਮਾਂ ਲਈ ਪੜਤਾਲ ਉਪਰੰਤ ਕੁੱਲ 86 ਨਾਮਜ਼ਦਗੀਆਂ ਰੱਦ ਕੀਤੀਆਂ ਗਈਆਂ ਹਨ। ਇਸ ਸਬੰਧ ਵਿੱਚ ਨਗਰ ਨਿਗਮ, ਜਲੰਧਰ ਲਈ ਕੁੱਲ 5 ਨਾਮਜ਼ਦਗੀਆਂ, ਨਗਰ ਨਿਗਮ ਲੁਧਿਆਣਾ ਲਈ 19 ਨਾਮਜ਼ਦਗੀਆਂ, ਨਗਰ ਨਿਗਮ ਫਗਵਾੜਾ ਲਈ ਇਕ ਨਾਮਜ਼ਦਗੀ, ਨਗਰ ਨਿਗਮ ਅੰਮ੍ਰਿਤਸਰ ਲਈ 53

ਨਾਮਜ਼ਦਗੀਆਂ ਅਤੇ ਨਗਰ ਨਿਗਮ, ਪਟਿਆਲਾ ਲਈ 8 ਨਾਮਜ਼ਦਗੀਆਂ ਰੱਦ ਕਰ ਦਿੱਤੀਆਂ ਗਈਆਂ ਹਨ।

------------------------------------------------------------

ਪੰਜਾਬ ਵਿੱਚ, ਪ੍ਰਦਰਸ਼ਨਕਾਰੀ ਕਿਸਾਨਾਂ ਨੇ ਇੱਕ ਵਾਰ ਫਿਰ ਪੈਦਲ ਦਿੱਲੀ ਪਹੁੰਚਣ ਲਈ ਆਪਣਾ 'ਦਿੱਲੀ ਚਲੋ' ਮਾਰਚ ਮੁੜ ਸ਼ੁਰੂ ਕੀਤਾ, ਪਰੰਤੂ ਨਵੀਂ ਦਿੱਲੀ ਜਾਣ ਦੀ ਇਜਾਜ਼ਤ ਨਾ ਮਿਲਣ ਕਾਰਨ ਹਰਿਆਣਾ ਪੁਲਿਸ ਨੇ ਓਹਨਾਂ ਨੂੰ ਸ਼ੰਭੂ ਬੈਰੀਅਰ 'ਤੇ ਰੋਕ ਲਿਆ। ਅੰਤਰਰਾਜੀ ਹੱਦ 'ਤੇ ਪਹਿਲਾਂ ਹੀ ਕੇਂਦਰੀ ਨੀਮ ਫੌਜੀ ਬਲਾਂ ਅਤੇ ਹਰਿਆਣਾ ਪੁਲਿਸ ਦੀ ਤਾਇਨਾਤੀ ਦੇ ਨਾਲ ਸੁਰੱਖਿਆ ਵਧਾ ਦਿੱਤੀ ਗਈ ਏ। ਕਿਸਾਨਾਂ ਨੇ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (MSP) ਦੀ ਕਾਨੂੰਨੀ ਗਾਰੰਟੀ ਅਤੇ ਕਰਜ਼ਾ ਮੁਆਫੀ ਸਮੇਤ ਆਪਣੀਆਂ ਲੰਮੇ ਸਮੇਂ ਤੋਂ ਚਲੀਆਂ ਆ ਰਹੀਆਂ ਮੰਗਾਂ ਨੂੰ ਪੂਰਾ ਨਾ ਕਰਨ ਦੇ ਵਿਰੋਧ'ਚ ਪ੍ਰਦਰਸ਼ਨ ਕਰ ਰਹੇ ਨੇ।

------------------------------------------------------------

ਅੱਜ ਸੁਪਰੀਮ ਕੋਰਟ ਦੇ ਜੱਜ ਸੂਰਿਆਕਾਂਤ ਨੇ ਸ੍ਰੀ ਦਰਬਾਰ ਸਾਹਿਬ

ਵਿਖੇ ਮੱਥਾ ਟੇਕਿਆ। ਇਸ ਦੌਰਾਨ ਉਹਨਾਂ ਨੇ ਦਰਬਾਰ ਸਾਹਿਬ ਦੇ ਅੰਦਰ ਗੁਰਬਾਣੀ ਕੀਰਤਨ ਵੀ ਸਰਵਣ ਕੀਤਾ । ਇਸ ਮਗਰੋਂ ਗੱਲਬਾਤ ਕਰਦਿਆਂ ਜਸਟਿਸ ਸੂਰਿਆਕਾਂਤ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਇੱਕ ਅਜਿਹਾ ਪਵਿੱਤਰ ਅਸਥਾਨ ਏ ਜਿੱਥੇ ਆ ਕੇ ਮਨ ਨੂੰ ਸਕੂਨ ਮਿਲਦਾ ਏ ।

------------------------------------------------------------

ਆਸਟਰੇਲੀਆ ਵਿਖੇ ਖੇਡੀ ਜਾ ਰਹੀ 4 ਟੈਸਟ ਮੈਚਾਂ ਦੀ ਲੜੀ ਦੇ ਅੱਜ ਸਵੇਰੇ ਸ਼ੁਰੂ ਹੋਏ ਤੀਜੇ ਮੈਚ ਵਿਚ ਟਾਸ ਜਿੱਤ ਕੇ ਭਾਰਤ ਨੇ ਪਹਿਲਾਂ ਗੇਂਦਬਾਜੀ ਕਰਨ ਦਾ ਫੈਸਲਾ ਲਿਆ । ਮੈਚ ਸ਼ੁਰੂ ਹੋਣ ਤੋਂ ਕੁਝ ਦੇਰ ਬਾਅਦ ਹੀ ਮੀਂਹ ਕਾਰਨ ਰੋਕਣਾ ਪਿਆ । ਇਸ ਦੌਰਾਨ ਆਸਟਰੇਲੀਆ ਨੇ 13.2 ਓਵਰਾਂ ਵਿਚ 28 ਦੌੜਾਂ ਬਣਾ ਲਈਆਂ ਸਨ ।

------------------------------------------------------------

ਓਮਾਨ ਦੇ ਮਸਕਟ ਵਿਖੇ ਜੂਨੀਅਰ ਏਸ਼ੀਆ ਕੱਪ ਮਹਿਲਾ ਹਾਕੀ ਟੂਰਨਾਮੈਂਟ ਦੇ ਪਹਿਲੇ ਸੈਮੀਫਾਈਨਲ ਵਿੱਚ ਅੱਜ ਭਾਰਤ ਦਾ ਮੁਕਾਬਲਾ ਜਾਪਾਨ ਨਾਲ ਹੋਵੇਗਾ । ਮੈਚ ਭਾਰਤੀ ਸਮੇਂ ਅਨੁਸਾਰ ਸ਼ਾਮ 6 ਵਜੇ ਤੋਂ

ਖੇਡਿਆ ਜਾਵੇਗਾ । ਭਾਰਤ ਬੀਤੇ ਵੀਰਵਾਰ ਨੂੰ ਆਪਣੇ ਪੂਲ ਦੇ ਆਖਰੀ ਮੈਚ ਵਿਚ ਥਾਈਲੈਂਡ ਨੂੰ 9-0 ਨਾਲ ਹਰਾ ਕੇ ਸੈਮੀਫਾਈਨਲ 'ਚ ਦਾਖਲ ਹੋਇਆ। ਇਸ ਜਿੱਤ ਦੇ ਨਾਲ ਹੀ ਭਾਰਤ ਨੇ ਅਗਲੇ ਸਾਲ ਚਿਲੀ ਵਿੱਚ ਹੋਣ ਵਾਲੇ F I H ਜੂਨੀਅਰ ਮਹਿਲਾ ਹਾਕੀ ਵਿਸ਼ਵ ਕੱਪ ਲਈ ਵੀ ਕੁਆਲੀਫਾਈ ਕੀਤਾ ਏ। ਅੱਜ ਹੀ ਦੂਜੇ ਸੈਮੀਫਾਈਨਲ 'ਚ ਚੀਨ ਦਾ ਸਾਹਮਣਾ ਦੱਖਣੀ ਕੋਰੀਆ ਨਾਲ ਹੋਵੇਗਾ। ਇਹ ਮੈਚ ਭਾਰਤੀ ਸਮੇਂ ਅਨੁਸਾਰ ਰਾਤ ਸਾਢੇ 8 ਵਜੇ ਸ਼ੁਰੂ ਹੋਵੇਗਾ ।